# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਛੇਵੀਂ ਮੰਜ਼ਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ, ਫੇਜ਼-8,
ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ), ਫੋਨ ਨੰਬਰ:-0172-2212221


(ਵੈਬਸਾਈਟ/ਨੋਟਿਸ ਬੋਰਡ/ਈ-ਮੇਲ ਰਾਹੀਂ)

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਸਿੱ),
ਸਮੂਹ ਨੋਡਲ ਅਫ਼ਸਰ (Inspire Award),
ਪੰਜਾਬ।

ਮੀਮੋ ਨੰ:- SCERT-TR202/13/2020-EXAMINATION-SCERT-Part(1)/382641/181-186/739-744
ਮਿਤੀ: ਸਾਹਿਬਜ਼ਾਦਾ ਅਜੀਤ ਸਿੰਘ ਨਗਰ, 29-07-2024

ਵਿਸ਼ਾ:- INSPIRE Awards MANAK Scheme ਅਧੀਨ ਸਾਲ 2024-25 ਲਈ online nominations ਭੇਜਣ ਸੰਬੰਧੀ।

1.0 ਉਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸਕੂਲਾਂ ਵੱਲੋਂ ਸਾਲ 2024-25 ਲਈ INSPIRE Awards-MANAK Scheme ਅਧੀਨ 1 ਜੁਲਾਈ, 2024 ਤੋਂ 15 ਸਤੰਬਰ, 2024 ਤੱਕ ਆਨਲਾਈਨ ਨਾਮੀਨੇਸ਼ਨਜ਼ DST ਦੇ ਵੈਬ ਪੋਰਟਲ E-MIAS ਤੇ ਦਿੱਤੇ ਲਿੰਕ (https://www.inspireawards-dst.gov.in/) or Mobile App (https://shorturl.at/um3IQ) ਰਾਹੀਂ ਭੇਜੀਆਂ ਜਾ ਸਕਦੀਆਂ ਹਨ।

2.0 ਸਕੂਲਾਂ ਵੱਲੋਂ ਵਿਦਿਆਰਥੀਆਂ ਦੇ original ideas/innovations ਵਿੱਚੋਂ 5 ਸਭ ਤੋਂ ਵਧੀਆ ਨਾਮੀਨੇਸ਼ਨਜ਼ ਇਸ ਸਕੀਮ ਅਧੀਨ ਭੇਜੀਆਂ ਜਾਣ।

3.0 INSPIRE Awards-MANAK Scheme ਅਧੀਨ ਸਾਰੇ ਸਕੂਲਾਂ ਦੇ ਕਲਾਸ ਛੇਵੀਂ ਤੋਂ ਦੱਸਵੀਂ ਵਿੱਚ ਪੜ੍ਹਦੇ ਵਿਦਿਆਰਥੀਆਂ, ਜਿਨ੍ਹਾਂ ਦੀ ਉਮਰ 10 ਤੋਂ 15 ਸਾਲ ਦੀ ਹੋਵੇ, ਦੀਆਂ 5 ਸਭ ਤੋਂ ਵਧੀਆ ਨਾਮੀਨੇਸ਼ਨਜ਼ ਭੇਜੀਆਂ ਜਾਣ।

4.0 ਇਸ ਸਕੀਮ ਅਧੀਨ ਜਾਪਾਨ ਵਿਗਿਆਨ ਅਤੇ ਤਕਨਾਲੋਜੀ ਏਜੰਸੀ (JST) ਦੇ SAKURA SCIENCE HIGH SCHOOL PROGRAM (SSHP) ਅਧੀਨ MANAK ਪ੍ਰੋਗਰਾਮ ਦੇ ਨੈਸ਼ਨਲ ਜੇਤੂ ਵਿਦਿਆਰਥੀਆਂ ਨੂੰ ਜਾਪਾਨ ਦਾ ਦੌਰਾ ਕਰਨ ਲਈ ਵੀ ਮੌਕਾ ਦਿੱਤਾ ਜਾਂਦਾ ਹੈ।

5.0 ਸਕੂਲਾਂ ਵੱਲੋਂ ਭੇਜੀਆਂ ਜਾਣ ਵਾਲੀਆਂ ਸਾਰੀਆਂ ਨਾਮੀਨੇਸ਼ਨਜ਼ ਮਿਤੀ 15 ਸਤੰਬਰ, 2024 ਤੋਂ ਪਹਿਲਾਂ-ਪਹਿਲਾਂ ਭੇਜੀਆਂ ਜਾਣ ਤਾਂ ਜੋ ਆਖਰੀ ਮਿਤੀਆਂ ਦੌਰਾਨ ਪੋਰਟਲ/ਸਾਈਟ ਤੇ ਲੋਡ ਹੋਣ ਕਾਰਨ ਨਾਮੀਨੇਸ਼ਨਜ਼ ਭੇਜਣ ਸੰਬੰਧੀ ਕੋਈ ਦਿੱਕਤ ਪੇਸ਼ ਨਾ ਆ ਸਕੇ।

6.0 ਸਕੂਲਾਂ ਵੱਲੋਂ ਵਧੀਆ ਮੂਲ ਤਕਨੀਕੀ ideas/innovations ਦੀ ਖੋਜ ਕਰਨ ਲਈ ਹੇਠਾਂ ਦਿੱਤੇ ਐਕਸ਼ਨ ਪੁਆਇੰਟਸ ਦੀ ਪਾਲਣਾ ਕੀਤੀ ਜਾ ਸਕਦੀ ਹੈ:-

I. **Announcement** : ਸਕੂਲਾਂ ਵੱਲੋਂ ਸਕੂਲ ਅਸੈਂਬਲੀਆਂ, ਨੋਟਿਸ ਬੋਰਡਾਂ ਆਦਿ ਰਾਹੀਂ 6ਵੀਂ ਤੋਂ 10ਵੀਂ ਜਮਾਤਾਂ ਦੇ ਵਿਦਿਆਰਥੀਆਂ ਵਿਚਕਾਰ ਤਕਨੀਕੀ ideas/innovations ਮੁਕਾਬਲਿਆਂ ਬਾਰੇ ਵੇਰਵੇ ਸਾਂਝੇ ਕੀਤੇ ਜਾਣ।

II. **Idea Box:** ਸਕੂਲਾਂ ਵਿੱਚ ਇੱਕ ਆਈਡੀਆ ਬਾਕਸ ਸੈਟ ਅਪ ਕੀਤਾ ਜਾਵੇ ਜਿਸ ਵਿੱਚ ਵਿਦਿਆਰਥੀ ਨੂੰ ਆਪਣੇ ideas/innovations ਬਾਰੇ ਸੰਖੇਪ ਵਿੱਚ ਲਿਖ ਕੇ ਪਾਉਣ ਲਈ ਉਤਸ਼ਾਹਿਤ ਕੀਤਾ ਜਾਵੇ।

Scanned with OKEN Scanner

III. **Selection of Best Ideas for Nominations:** ਆਈਡੀਆ ਬਾਕਸ ਵਿੱਚ ਪ੍ਰਾਪਤ ideas/innovations ਦੇ ਸਕੂਲਾਂ ਵਿੱਚ ਮੁਕਾਬਲੇ ਕਰਵਾਏ ਜਾਣ ਅਤੇ ਨਵੀਨਤਾ, ਸਮਾਜਿਕ ਉਪਯੋਗਤਾ, ਸੰਭਾਵੀ ਪ੍ਰਭਾਵ, ਅਤੇ ਫੈਲਣ ਦੀ ਗੁੰਜਾਇਸ਼ ਦੇ ਆਧਾਰ 'ਤੇ ਪੰਜ ਸਭ ਤੋਂ ਵਧੀਆ ideas/innovations ਦੀ ਚੋਣ ਕੀਤੀ ਜਾਵੇ।

IV. U-DISE ਕੋਡ ਵੈਰੀਫਿਕੇਸ਼ਨ (ਲਾਜ਼ਮੀ): INSPIRE Awards-MANAK ਵਿੱਚ ਭਾਗ ਲੈਣ ਲਈ, ਸਕੂਲ ਦਾ U-DISE ਕੋਡ ਅੱਪਡੇਟ ਕਰਨਾ ਜ਼ਰੂਰੀ ਹੈ।

V. **Top Five Nominations:** ਪੋਰਟਲ ਜਾਂ ਐਪ ਰਾਹੀਂ ਪੰਜ ਸਭ ਤੋਂ ਵਧੀਆਂ ਨਾਮਜ਼ਦਗੀਆਂ ਜਮ੍ਹਾਂ ਕਰਵਾਓ। ਹਰੇਕ ਵਿਦਿਆਰਥੀ ਦਾ ਨਾਮ ਬੈਂਕ ਪਾਸਬੁੱਕ ਵਿੱਚ ਦਿੱਤੇ ਨਾਮ ਨਾਲ ਬਿਲਕੁਲ ਮੇਲ ਖਾਂਦਾ ਹੋਵੇ ਅਤੇ ਵਿਦਿਆਰਥੀ ਦਾ ਬੈਂਕ ਖਾਤਾ ਨੰਬਰ ਅਤੇ IFSC ਕੋਡ ਸਹੀ ਭਰਨਾ ਯਕੀਨੀ ਬਣਾਇਆ ਜਾਵੇ।

VI. **Forwarding Nominations:** ਚੁਣੀਆਂ ਗਈਆਂ ਨਾਮਜ਼ਦਗੀਆਂ ਨੂੰ ਪੋਰਟਲ ਜਾਂ ਐਪ ਰਾਹੀਂ ਜ਼ਿਲ੍ਹਾ ਪੱਧਰ ਤੇ ਭੇਜੋ ਅਤੇ ਰਸੀਦ ਡਾਊਨਲੋਡ ਕਰੋ।

ਵਧੇਰੇ ਜਾਣਕਾਰੀ ਲਈ, ਹੇਠਾਂ ਦਿੱਤੇ 'ਤੇ ਕਲਿੱਕ ਕਰੋ:

- Nomination Process of INSPIRE-MANAK – https://www.youtube.com/watch?v=GHCcih7piKw
- Resetting the User –id and Password - https://www.youtube.com/watch?v=vbcqtUDfd0o
- How to write title and project synopsis – https://www.inspireawards-dst.gov.in/UserP/guideline-and-manuals.aspx
- INSPIRE-MANAK Guidelines and Manuals: https://inspireawards-dst.gov.in/UserP/guideline-and-manuals.aspx
- In the case of any query, please email to inspire@nifindia.org.

7.0 ਆਪ ਵੱਲੋਂ ਆਪਣੇ ਅਧੀਨ ਪੈਂਦੇ ਸਾਰੇ ਸਰਕਾਰੀ, ਅਰਧ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਨੂੰ INSPIRE Awards-MANAK Scheme ਅਧੀਨ ਮਿਤੀ 15 ਸਤੰਬਰ, 2024 ਤੱਕ ਕਲਾਸ ਛੇਵੀਂ ਤੋਂ ਦੱਸਵੀਂ ਵਿੱਚ ਪੜਦੇ ਵਿਦਿਆਰਥੀਆਂ, ਜਿਨ੍ਹਾਂ ਦੀ ਉਮਰ 10 ਤੋਂ 15 ਸਾਲ ਦੀ ਹੋਵੇ, ਦੀਆਂ ਨਾਮੀਨੇਸ਼ਨਜ਼ ਭੇਜਣ ਲਈ ਹਦਾਇਤ ਕੀਤੀ ਜਾਵੇ ਅਤੇ ਇਸ ਸਕੀਮ ਅਧੀਨ ਆਪਣੇ ਜ਼ਿਲ੍ਹੇ ਦੇ ਵੱਧ ਤੋਂ ਵੱਧ ਵਿਦਿਆਰਥੀਆਂ ਦੀਆਂ ਨਾਮੀਨੇਸ਼ਨਜ਼ ਭੇਜੀਆਂ ਜਾਣ।

ਅਮਨਿੰਦਰ ਕੌਰ, ਪੀ.ਸੀ.ਐਸ.
ਡਾਇਰੈਕਟਰ,ਐਸ.ਸੀ.ਈ.ਆਰ.ਟੀ.,ਪੰਜਾਬ।

ਪਿੱਠ ਅੰਕਣ ਨੰ:-ਉਕਤ/183-186/741-745 ਮਿਤੀ:ਸਾਹਿਬਜ਼ਾਦਾ ਅਜੀਤ ਸਿੰਘ ਨਗਰ,29-07-2024

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ :

1. ਪੀ.ਏ.ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ,
2. ਪੀ.ਏ.ਟੂ ਸਪੈਸ਼ਲ ਸਕੱਤਰ ਸਕੂਲ ਸਿੱਖਿਆ, ਪੰਜਾਬ,
3. ਪੀ.ਏ.ਟੂ ਸਪੈਸ਼ਲ ਸਕੱਤਰ –ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
4. ਪੀ.ਏ. ਟੂ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਸਿੱ), ਪੰਜਾਬ।

ਸਹਾਇਕ ਡਾਇਰੈਕਟਰ
ਐਸ.ਸੀ.ਈ.ਆਰ.ਟੀ.,ਪੰਜਾਬ।

Scanned with OKEN Scanner